# ਪੰਜਾਬ ਸਕੂਲ ਸਿੱਖਿਆ ਬੋਰਡ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ - 160062**

**(ਕਾਰਜ ਸੰਚਾਲਨ ਸ਼ਾਖਾ)**

ਨੰ: ਪਸਸਬ-ਕਸ-2025/ 2340
ਮਿਤੀ: 17/02/2025

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼

ਫਰਵਰੀ/ਮਾਰਚ-2025

**ਵਿਸ਼ਾ :-** **ਬਾਰ੍ਹਵੀਂ ਸ਼੍ਰੇਣੀ ਪਰੀਖਿਆ ਫਰਵਰੀ/ਮਾਰਚ 2025 ਦੀਆਂ ਸਲਾਨਾ ਪਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਦੀ ਸਕੈਨਿੰਗ ਅਤੇ ਬੈਂਕ ਦੀ ਸੇਫ਼ ਕਸਟੱਡੀ ਵਿੱਚ ਰੱਖਣ ਸਬੰਧੀ।**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ ਮਿਤੀ **19-02-2025** ਤੋਂ **04-04-2025** ਤੱਕ ਸਵੇਰੇ 11.00 ਵਜੇ ਤੋਂ ਬੋਰਡ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿਖੇ ਕਰਵਾਈਆਂ ਜਾ ਰਹੀਆਂ ਹਨ। **ਇਹਨਾ ਪਰੀਖਿਆਵਾਂ ਨਾਲ ਸਬੰਧਤ ਪ੍ਰਸ਼ਨ ਪੱਤਰ (ਸਮੇਤ ਡੀ.ਏ. ਕੋਡ) ਜਿਲ੍ਹਾ ਮੈਨੇਜਰ ਖੇਤਰੀ ਦਫਤਰ ਕਰਮਚਾਰੀਆਂ ਰਾਹੀਂ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਮਿਤੀ 13-02-2025 ਤੋਂ 15-02-2025 ਤੱਕ ਸੌਂਪਣ ਉਪਰੰਤ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖੇ ਗਏ ਹਨ।**

ਪ੍ਰੰਤੂ ਧਿਆਨ ਵਿੱਚ ਆਇਆ ਹੈ ਕਿ ਕੁੱਝ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਵੱਲੋਂ ਬੈਂਕ ਵਿੱਚ ਪ੍ਰਸ਼ਨ ਪੱਤਰ ਆਪ ਰਸੀਵ ਕਰਨ ਦੀ ਬਜਾਏ ਸਕੂਲ ਦੇ ਕਿਸੇ ਹੋਰ ਅਧਿਆਪਕ / ਕਰਮਚਾਰੀ ਨੂੰ ਭੇਜ ਕੇ ਉਹਨਾਂ ਵੱਲੋਂ ਪ੍ਰਾਪਤ ਕੀਤੇ ਗਏ ਹਨ ਅਤੇ ਇਸਦੇ ਨਾਲ ਹੀ ਪ੍ਰਸ਼ਨ ਪੱਤਰਾਂ ਦੀ ਸਕੈਨਿੰਗ ਦਾ ਕਾਰਜ ਵੀ ਆਪਣੇ ਵੱਲੋਂ ਭੇਜੇ ਗਏ ਅਧਿਆਪਕ / ਕਰਮਚਾਰੀ ਪਾਸੋਂ ਕਰਵਾਈ ਗਈ ਹੈ।

ਉਕਤ ਦੇ ਸਬੰਧ ਵਿੱਚ ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਪਰੀਖਿਆਵਾਂ ਦੀ ਗੁਪਤਤਾ ਅਤੇ ਮਹੱਤਤਾ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਪਰੀਖਿਆਵਾਂ ਦੌਰਾਨ ਮਿਤੀ **19-02-2025** ਤੋਂ **04-04-2025** ਤੱਕ ਪਰੀਖਿਆ ਵਾਲੇ ਦਿਨ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਵੱਲੋਂ ਆਪ ਬੈਂਕ ਵਿੱਚ ਜਾ ਕੇ ਪ੍ਰਸ਼ਨ ਪੱਤਰ ਸਕੈਨ / ਪ੍ਰਾਪਤ ਕੀਤੇ ਜਾਣ। ਕੇਵਲ ਕਿਸੇ ਨਾ ਟਾਲਣਯੋਗ ਹਾਲਾਤਾਂ ਵਿੱਚ ਹੀ ਇਹ ਕਾਰਜ ਆਪਣੇ ਸਕੂਲ ਦੇ ਕਿਸੇ ਜ਼ਿੰਮੇਵਾਰ ਅਧਿਆਪਕ ਨੂੰ ਸੌਂਪਿਆ ਜਾ ਸਕਦਾ ਹੈ।

ਮਿਤੀ: 17/02/2025

ਸਹੀ/-
ਕੰਟਰੋਲਰ ਪਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ

ਨੰ: ਪਸਸਬ-ਕਸ-2025/ 2341

ਮਿਤੀ: 17/02/2025

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪੀ ਏ ਟੂ ਚੇਅਰਮੈਨ, ਪਸਸਬ ਕਮ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ, ਪੰਜਾਬ।
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ